Surrey Schools
LEADERSHIP IN LEARNING

Tel: 604.596.7733
www.surreyschools.ca

# ਪੜ੍ਹਨ ਲਈ ਪਿਆਰ: ਉਮਰ ਭਰ ਦਾ ਸਰਮਾਇਆ ਹੈ!

(Reading – a lifelong investment)

ਪੜ੍ਹਨ ਲਈ ਪਿਆਰ ਪੈਦਾ ਕਰਨ ਦੀ ਪ੍ਰੇਰਨਾ ਦੇ ਕੇ ਮਾਪੇ ਆਪਣੇ ਬੱਚਿਆਂ ਦੀ ਪੜ੍ਹਾਈ ਵਿੱਚ ਯੋਗਦਾਨ ਪਾ ਸਕਦੇ ਹਨ।

ਸਕੂਲ ਪੜ੍ਹਨ ਦਾ ਬੌਧਿਕ ਅਮਲ ਵਿਕਸਤ ਕਰਦੇ ਹਨ। ਬੱਚੇ ਉਹਨਾਂ ਕਹਾਣੀਆਂ ਅਤੇ ਲਿਖਤਾਂ ਤੋਂ ਜਾਣੂ ਹੁੰਦੇ ਹਨ ਜਿਹੜੀਆਂ ਉਨ੍ਹਾਂ ਦਾ ਆਪਣੇ ਆਲੇ ਦੁਆਲੇ ਦੀ ਦੁਨੀਆ ਵਿਚਲੇ ਲੋਕਾਂ ਨਾਲ ਸੰਬੰਧ ਬਣਾਉਂਦੀਆਂ ਹਨ। ਪੜ੍ਹਨ ਲਈ ਪਿਆਰ ਪੈਦਾ ਕਰਕੇ ਮਾਪੇ ਪੜ੍ਹਨ ਦੀ ਇਸ ਸਿੱਖਿਆ ਨੂੰ ਮਜ਼ਬੂਤ ਕਰ ਸਕਦੇ ਹਨ। ਆਪਣੇ ਬੱਚੇ ਨੂੰ ਪੜ੍ਹਨ ਲਈ ਉਤਸ਼ਾਹਿਤ ਕਰਕੇ ਅਤੇ ਪੜ੍ਹਨ ਵੱਲ ਆਪਣਾ ਚਾਅ ਦਿਖਾ ਕੇ, ਤੁਸੀਂ ਉਮਰ ਭਰ ਰਹਿਣ ਵਾਲੀਆਂ ਆਦਤਾਂ ਅਤੇ ਵਤੀਰੇ ਸਥਾਪਤ ਕਰ ਸਕਦੇ ਹੋ।

**ਪੜ੍ਹਨ ਦੀ ਯੋਗਤਾ** ਵਿਦਿਆ ਵਿੱਚ **ਕਾਮਯਾਬੀ ਦੀ ਨੀਂਹ ਹੈ।** ਜਦੋਂ ਬੱਚਿਆਂ ਨੂੰ ਪੜ੍ਹਨ ਤੋਂ ਮਿਲਣ ਵਾਲੀ ਖੁਸ਼ੀ ਦਾ ਪਤਾ ਲੱਗਦਾ ਹੈ ਤਾਂ ਉਹ ਆਪਣੇ ਨੇੜਲੇ ਤਜਰਬਿਆਂ ਤੋਂ ਅਗਾਂਹ ਦੀ ਜ਼ਿੰਦਗੀ ਬਾਰੇ ਸਵਾਲ ਪੁੱਛਣੇ ਅਤੇ ਉਸ ਬਾਰੇ ਜਾਣਨਾ ਸ਼ੁਰੂ ਕਰਦੇ ਹਨ। ਇਸ ਨਾਲ ਉਨ੍ਹਾਂ ਵਿੱਚ ਆਪਣੇ ਦੁਆਲੇ ਦੇ ਸੰਸਾਰ ਬਾਰੇ ਬੌਧਿਕ ਜਗਿਆਸਾ ਅਤੇ ਸਮਝ ਵਿਕਸਤ ਹੁੰਦੀ ਹੈ।



ਪਰਿਵਾਰ ਬੱਚਿਆਂ ਨੂੰ ਪੜ੍ਹ ਕੇ ਸੁਣਾ ਕੇ ਅਤੇ ਉਨ੍ਹਾਂ ਨੂੰ ਆਪਣੇ ਆਪ ਪੜ੍ਹਨ ਲਈ ਉਤਸ਼ਾਹਿਤ ਕਰ ਕੇ ਬੱਚਿਆਂ ਦੀ ਪੜ੍ਹਨ ਤੋਂ ਖੁਸ਼ੀ ਪ੍ਰਾਪਤ ਕਰਨ ਵਾਲੇ ਪਾਠਕ ਬਣਨ ਵਿੱਚ ਮਦਦ ਕਰ ਸਕਦੇ ਹਨ। ਖੋਜ ਦਸਦੀ ਹੈ ਕਿ ਬੱਚਿਆਂ ਨੂੰ ਪੜ੍ਹ ਕੇ ਸੁਣਾਉਣਾ ਉਨ੍ਹਾਂ ਦੀ ਸਾਖਰ ਬਣਨ ਵਿੱਚ ਮਦਦ ਕਰਨ ਦਾ ਸਭ ਤੋਂ ਵਧੀਆ ਢੰਗ ਹੈ। ਪੜ੍ਹਨ ਲਈ ਪਿਆਰ ਨੂੰ ਉਤਸ਼ਾਹਿਤ ਕਰਨ ਲਈ, ਤੁਸੀਂ ਅੱਗੇ ਦਿੱਤੀਆਂ ਚੀਜ਼ਾਂ ਕਰ ਸਕਦੇ ਹੋ:

- ਆਪਣੇ ਆਪ ਪੜ੍ਹਨਾ ਸ਼ੁਰੂ ਕਰਨ ਤੋਂ ਬਾਅਦ ਵੀ **ਕਾਫੀ ਸਮਾਂ ਉਨ੍ਹਾਂ ਨੂੰ ਪੜ੍ਹ ਕੇ ਸੁਣਾਉਂਦੇ ਰਹੋ;**
- **ਹਰ ਰੋਜ਼ ਆਪਣੇ ਬੱਚੇ ਨੂੰ ਪੜ੍ਹ ਕੇ ਸੁਣਾਉਣ ਲਈ ਸਮਾਂ ਕੱਢੋ** ਜਾਂ ਉਨ੍ਹਾਂ ਨੂੰ ਸੌਣ ਸਮੇਂ ਪੜ੍ਹਨ ਲਈ ਉਤਸ਼ਾਹਿਤ ਕਰੋ;
- **ਰੋਲ ਮਾਡਲ ਬਣੋ ਅਤੇ** ਆਪਣੇ ਆਪ ਨੂੰ ਅਤੇ ਆਪਣੇ ਬੱਚੇ ਨੂੰ **ਪੜ੍ਹਨ ਲਈ ਆਪਣਾ ਚਾਅ ਦਿਖਾਉ;**
- **ਆਪਣੇ ਬੱਚੇ ਦੀਆਂ ਦਿਲਚਸਪੀਆਂ** (ਡਾਇਨੋਸੋਰਜ਼, ਰੇਲ-ਗੱਡੀਆਂ, ਰਹੱਸਮਈ ਕਹਾਣੀਆਂ) **ਦਾ ਫਾਇਦਾ ਉਠਾਉ;**
- **ਆਪਣੇ ਬੱਚੇ ਦੀਆਂ ਮਨਪਸੰਦ ਲਿਖਤਾਂ ਵਾਰ ਵਾਰ ਪੜ੍ਹੋ;**
- **ਇਹ ਦਿਖਾਉ ਕਿ ਪੜ੍ਹਨਾ ਮਜ਼ੇ ਵਾਲੀ ਗੱਲ ਹੈ;** ਉਨ੍ਹਾਂ ਉੱਤੇ ਠੋਸੋ ਨਾ ਜਾਂ ਇਸ ਨੂੰ ਸਜ਼ਾ ਨਾ ਬਣਾਉ।

ਆਪਣੇ ਬੱਚੇ ਨੂੰ ਪੜ੍ਹ ਕੇ ਸੁਣਾਉਣਾ ਤੁਹਾਨੂੰ ਇਕੱਠਿਆਂ ਨੂੰ ਨਿੱਘ, ਸੁਰੱਖਿਆ ਅਤੇ ਪਿਆਰ ਨਾਲ ਭਰਪੂਰ ਸ਼ਾਂਤਮਈ ਸਮਾਂ ਪ੍ਰਦਾਨ ਕਰਦਾ ਹੈ। ਇਹ ਭਾਵਨਾਵਾਂ ਕਹਾਣੀਆਂ ਅਤੇ ਕਿਤਾਬਾਂ ਨਾਲ ਜੁੜ ਜਾਂਦੀਆਂ ਹਨ। ਇਸ ਤੋਂ ਹੋਣ ਵਾਲੇ ਫਾਇਦੇ ਲੰਮਾ ਸਮਾਂ ਰਹਿਣਗੇ!